## ਹੁਣ ਪੋਲਰ ਬੀਅਰ ਮੈਨੀਟੋਬਾ ਦੇ ਟੂਰਿਜ਼ਮ ਨੂੰ ਸਹਾਰਾ ਦੇਵੇਗਾ




ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਮੈਨੀਟੋਬਾ ਦੇ ਪ੍ਰੀਮੀਅਰ ਕੈਲਵਿਨ ਗੋਟੇਜ਼ ਨੇ ਜਾਣਕਾਰੀ ਸਾਂਝੀ ਕੀਤੀ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਇੱਕ ਲੈਜਿਸਲੇਸ਼ਨ ਲਿਆਂਦਾ ਜਾ ਰਿਹਾ ਹੈ, ਜਿਸ ਅਨੁਸਾਰ ਸੂਬੇ ਦੇ ਆਫਿਸ਼ੀਅਲ ਚਿੰਨ੍ਹ ਜਾਂ ਆਫਿਸ਼ੀਅਲ ਐਂਬੂਲੈਂਸ ਉੱਤੇ ਪੋਲਰ ਬੀਅਰ ਦੀ ਤਸਵੀਰ ਲਾਈ ਜਾਵੇਗੀ। ਇਸ ਸਮੇਂ ਮੈਨੀਟੋਬਾ ਸੂਬੇ ਦੇ ਚਿੰਨ੍ਹ ਤੇ ਬਾਇਜਨ ਦੀ ਫੋਟੋ ਹੈ ਪਰ ਹੁਣ ਬਹੁਤ ਜਲਦ ਭੇਜਣ ਦੇ ਨਾਲ ਪੋਲਰ ਬੀਅਰ ਵੀ ਨਜ਼ਰ ਆਵੇਗਾ। ਪ੍ਰੀਮੀਅਰ ਦੇ ਦੱਸਣ ਅਨੁਸਾਰ ਨੌਰਥ ਮੈਨੀਟੋਬਾ ਖਾਸ ਕਰਕੇ ਚਰਚਿਲ ਪੋਲਰ ਬੀਅਰ ਕਰਕੇ ਜਾਣਿਆ ਜਾਂਦਾ ਹੈ ਅਤੇ ਇਹ ਟੂਰਿਜ਼ਮ ਦੇ ਪੱਖ ਤੋਂ ਵੀ ਖਿੱਚ ਦਾ ਕੇਂਦਰ ਹੈ। ਇਸ ਕਰਕੇ ਪੋਲਰ ਬੀਅਰ ਨੂੰ ਆਫਿਸ਼ੀਅਲ ਸਿੰਬਲ ਦੀ ਮਾਨਤਾ ਦੇ ਕੇ ਮੈਨੀਟੋਬਾ ਸੂਬੇ ਨੂੰ ਪੋਲਰ ਬੀਅਰ ਕੈਪੀਟਲ ਆਫ਼ ਵਰਲਡ ਬਣਾਉਣ ਦਾ ਵਿਚਾਰ ਹੈ, ਜਿਸ ਨਾਲ ਮੈਨੀਟੋਬਾ ਟੂਰਿਜ਼ਮ ਪੱਖ ਤੋਂ ਹੋਰ ਵੀ ਮਜ਼ਬੂਤ ਹੋਵੇਗਾ।

## ਸ਼ਿਕਾਰ ਕਰਦਾ ਹੋਇਆ ਕਿਸੇ ਹੋਰ ਸ਼ਿਕਾਰੀ ਦੀ ਗੋਲੀ ਦਾ ਸ਼ਿਕਾਰ ਹੋ ਗਿਆ ,ਪੁਲਿਸ ਵੱਲੋਂ ਜਾਂਚ ਸ਼ੁਰੂ

ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਵਿਨੀਪੈੱਗ ਤੋਂ ਲਗਪਗ 90 ਕਿਲੋਮੀਟਰ ਈਸਟ ਵਾਲੇ ਪਾਸੇ ਸਾਊਥ ਐਲਮਾ ਨਾਮਕ ਜਗ੍ਹਾ ਉੱਤੇ ਵਾਪਰੀ ਇੱਕ ਘਟਨਾ ਵਿੱਚ ਸ਼ਿਕਾਰ ਕਰ ਰਹੇ ਇੱਕ ਵਿਅਕਤੀ ਵੱਲੋਂ ਗੋਲੀ ਚਲਾਏ ਜਾਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ ਹੈ। ਆਰਸੀਐਮਪੀ ਵੱਲੋਂ ਜਾਣਕਾਰੀ ਸਾਂਝੀ ਕੀਤੀ ਗਈ ਕਿ ਘਟਨਾ ਦੌਰਾਨ ਜਿਸ ਵਿਚ 59 ਸਾਲਾ ਵਿਅਕਤੀ ਜੋ ਰੌਜ਼ਨ ਗਾਟ ਮੈਨੀਟੋਬਾ ਨਾਲ ਸਬੰਧਤ ਹੈ ਦੀ ਮੌਤ ਹੋ ਗਈ ਹੈ। ਗੋਲੀ ਚਲਾਉਣ ਵਾਲੇ 45 ਸਾਲਾ ਜਰਮਨ ਮੂਲ ਦੇ ਵਿਅਕਤੀ ਨੂੰ ਇਸ ਮਾਮਲੇ ਵਿਚ ਚਾਰਜ ਕਰ ਲਿਆ ਗਿਆ ਹੈ, ਜਿਸ ਦੀ ਗ੍ਰਿਫਤਾਰੀ ਬੀਤੇ ਦਿਨੀ ਹੋਈ ਨੂੰ ਹੋਈ। ਜਾਣਕਾਰੀ ਅਨੁਸਾਰ ਇਹ ਦੋਵੇਂ ਵਿਅਕਤੀ ਆਪਸ ਵਿੱਚ ਇੱਕ ਦੂਜੇ ਨੂੰ ਨਹੀਂ ਜਾਣਦੇ ਸਨ ਅਤੇ ਨਾ ਹੀ ਇਨ੍ਹਾਂ ਦਾ ਆਪਸ ਵਿੱਚ ਕੋਈ ਵੈਰ ਵਿਰੋਧ ਸੀ। ਪੁਲੀਸ ਵਲੋਂ ਪੂਰੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ

## ਮੈਨੀਟੋਬਾ ਸਰਕਾਰ ਹੁਣ ਜਿਸ ਦੇ ਵੈਕਸੀਨ ਨਹੀਂ ਲੱਗੀ ਉਸ ਨੂੰ ਵੀ ਵੈਕਸੀਨ ਕਾਰਡ ਦੇਵੇਗੀ




ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਮੈਨੀਟੋਬਾ ਸਰਕਾਰ ਵੱਲੋਂ ਸੂਬੇ ਦੇ ਉਨ੍ਹਾਂ ਵਸਨੀਕਾਂ ਨੂੰ ਜੋ ਕਿਸੇ ਮੈਡੀਕਲ ਕਾਰਨ ਕਰਕੇ ਕੋਵਿਡ ਵੈਕਸੀਨੇਸ਼ਨ ਨਹੀਂ ਲਗਵਾ ਸਕਦੇ ਹੁਣ ਬਾਕੀ ਵੈਕਸੀਨੇਟਰ ਲੋਕਾਂ ਵਾਂਗ ਹੀ ਵੈਕਸੀਨੇਸ਼ਨ ਕਾਰਡ ਮੁਹੱਈਆ ਕੀਤੇ ਜਾਣਗੇ ਤਾਂ ਕੀ ਉਹ ਕਿਸੇ ਵੀ ਸਰਵਿਸ ਤੋਂ ਵਾਂਝੇ ਨਾ ਰਹਿਣ। ਸੂਬੇ ਵੱਲੋਂ ਮੈਡੀਕਲ ਐਗਜ਼ਾਮੀਨੇਸ਼ਨ ਪਾਲਿਸੀ ਉੱਤੇ ਕੰਮ ਹੋ ਚੁੱਕਾ ਹੈ ਜਿਸ ਅਧੀਨ ਅਜਿਹੇ ਵਿਅਕਤੀ ਪਹਿਲਾਂ ਆਪਣੇ ਹੈਲਥ ਕੇਅਰ ਪ੍ਰੋਵਾਈਡਰਜ਼ ਨੂੰ ਆਪਣਾ ਕੇਸ ਸਮਝਾਉਣਗੇ। ਉਪਰੰਤ ਉਸ ਵਿਅਕਤੀ ਨੂੰ ਸਪੈਸ਼ਲਿਸਟ ਕੋਲ ਅਪਾਇੰਟਮੈਂਟ ਬਣਾਈ ਜਾਵੇਗੀ। ਸਪੈਸ਼ਲਿਸਟ ਵੱਲੋਂ ਉਸ ਵਿਅਕਤੀ ਦਾ ਵੈਕਸੀਨੇਸ਼ਨ ਨਾ ਲਗਵਾਉਣ ਦਾ ਕਾਰਨ ਮੈਨੀਟੋਬਾ ਟਾਸਕ ਫੋਰਸ ਨਾਲ ਸਾਂਝਾ ਕੀਤਾ ਜਾਵੇਗਾ। ਜੇਕਰ ਇਸ ਤਰ੍ਹਾਂ ਹੁੰਦਾ ਹੈ ਤਾਂ ਉਸ ਵਿਅਕਤੀ ਨੂੰ ਬਾਕੀ ਲੋਕਾਂ ਵਾਂਗ ਵੈਕਸੀਨੇਸ਼ਨ ਕਾਰਡ ਮੁਹੱਈਆ ਕਰ ਦਿੱਤਾ ਜਾਵੇਗਾ ਇਸ ਤੋਂ ਇਲਾਵਾ ਸੂਬਾ ਸਰਕਾਰ ਵੱਲੋਂ ਕਿਸੇ ਵੀ ਹੋਰ ਤਰ੍ਹਾਂ ਦਾ ਮੈਡੀਕਲ ਐਗਜ਼ਾਮੀਨੇਸ਼ਨ ਕਾਰਡ ਮੁਹੱਈਆ ਨਹੀਂ ਕੀਤਾ ਜਾ ਰਿਹਾ।

## 18 ਸਾਲਾ ਮੂਲ ਨਿਵਾਸੀ ਲੜਕੀ ਨੇ ਟੈਕਸੀ ਡਰਾਈਵਰ ਉੱਪਰ ਹਿੰਸਕ ਵਰਤਾਓ ਦੇ ਦੋਸ਼ ਲਗਾਏ

ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਵਿਨੀਪੈੱਗ ਦੀ ਇੱਕ ਅਠਾਰਾਂ ਸਾਲਾ ਮੂਲ ਨਿਵਾਸੀ ਲੜਕੀ ਜਿਸਦਾ ਨਾਮ ਸੈਰੇਨਿਟੀ ਮੌਰੀਸੀਓ ਹੈ ਵੱਲੋਂ ਕੁੱਝ ਦਿਨ ਪਹਿਲਾਂ ਯੂਨੀਸਿਟੀ ਟੈਕਸੀ ਦੇ ਇੱਕ ਵਿੱਚ ਇਸ ਲੜਕੀ ਦੇ ਕਈ ਸੱਟਾਂ ਵੀ ਲੱਗੀਆਂ ਜਦਕਿ ਯੂਨੀਸਿਟੀ ਟੈਕਸੀ ਵੱਲੋਂ ਆਖਿਆ ਗਿਆ ਸੀ ਕਿ ਇਸ ਲੜਕੀ ਵੱਲੋਂ ਡਰਾਈਵਰ ਦੇ ਨਾਲ ਹਿੰਸਕ ਪ੍ਰਤਾਪ ਕੀਤਾ ਗਿਆ ਹੈ ਅਤੇ ਸਾਰੀ ਗਲਤੀ ਇਸ ਲੜਕੀ ਦੀ ਸੀ।




ਡਰਾਇਵਰ ਉੱਤੇ ਅਸਾਲਟ ਦੇ ਆਰੋਪ ਲਗਾਏ ਗਏ ਸਨ। ਇਸ ਲੜਕੀ ਵੱਲੋਂ ਆਖਿਆ ਗਿਆ ਸੀ ਕਿ ਉਸ ਨਾਲ ਟੈਕਸੀ ਡ੍ਰਾਈਵਰ ਨੇ ਹਿੰਸਕ ਵਰਤਾਅ ਕੀਤਾ ਹੈ ਤੇ ਉਸ ਨੂੰ ਟੈਕਸੀ ਵਿੱਚ ਬੰਦ ਕਰਨ ਦੀ ਕੋਸ਼ਿਸ਼ ਵੀ ਕੀਤੀ। ਇਸੇ ਜੱਦੋ ਜਹਿਦ ਪੁਲਿਸ ਨੇ ਸਾਰੇ ਮਾਮਲੇ ਦੀ ਜਾਂਚ ਕਰਦਿਆਂ ਹੁਣ 44 ਸਾਲਾ ਟੈਕਸੀ ਡਰਾਈਵਰ ਨੂੰ ਹਿਰਾਸਤ ਵਿੱਚ ਲੈ ਲਿਆ ਹੈ ਅਤੇ ਉਸ ਉੱਤੇ ਅਸਾਲਟ ਦੇ ਚਾਰਜਿਜ਼ ਲਗਾਏ ਹਨ। ਪੁਲੀਸ ਵੱਲੋਂ ਹਾਲੇ ਤੱ ਡਰਾਈਵਰ ਦੀ ਪਛਾਣ ਜਨਤਕ ਨਹੀਂ ਕੀਤੀ ਗਈ।



## ਦੋ ਵਾਰ ਲਗਾਤਾਰ ਮੁੱਖ ਮੰਤਰੀ ਰਹੇ ਬਰਾਇਨ ਪੈਲਿਸਟਰ ਨੇ ਸਿਆਸਤ ਤੋਂ ਹੀ ਸੰਨਿਆਸ ਲੈ ਲਿਆ

ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਮੈਨੀਟੋਬਾ ਦੇ ਸਾਬਕਾ ਪ੍ਰੀਮੀਅਰ ਬ੍ਰਾਇਨ ਪੈਲਿਸਟਰ ਵੱਲੋਂ ਆਪਣਾ ਅਹੁਦਾ ਛੱਡਣ ਮਗਰੋਂ ਹੁਣ ਆਖਿਰਕਾਰ ਆਪਣੇ ਐਮ ਐਲ ਏ ਦੇ ਅਹੁਦੇ ਤੋਂ ਵੀ ਅਸਤੀਫ਼ਾ ਦੇ ਦਿੱਤਾ ਹੈ। ਇਹ ਜਾਣਕਾਰੀ ਬ੍ਰਾਇਨ ਪੈਲਿਸਟਰ ਵੱਲੋਂ ਸਾਂਝੀ ਕੀਤੀ ਗਈ ਹੈ। ਇਸ ਸਮੇਂ ਬ੍ਰਾਇਨ ਪੈਲਿਸਟਰ ਫੋਰਟ ਵ੍ਹਾਈਟ ਰਾਈਟਿੰਗ ਤੋਂ ਪੀ ਸੀ ਦੇ ਐਮ ਐਲ ਏ ਸਨ ਇੱਥੇ ਵਰਨਣਯੋਗ ਹੈ ਕਿ 10 ਅਗਸਤ ਨੂੰ ਬ੍ਰਾਇਨ ਪੈਲਿਸਟਰ ਵੱਲੋਂ ਐਲਾਨ ਕੀਤਾ ਗਿਆ ਸੀ ਕਿ ਉਹ ਮੈਨੀਟੋਬਾ ਦੀ ਪ੍ਰੀਮੀਅਰ ਨਹੀਂ ਰਹਿਣਗੇ। ਉਨ੍ਹਾਂ ਨੇ ਇਸ ਮਗਰੋਂ ਅਸਤੀਫ਼ਾ ਦੇ ਦਿੱਤਾ ਸੀ ਹੁਣ ਐੱਮਐੱਲਏ ਵੱਜੋਂ ਵੀ ਅਸਤੀਫਾ ਦੇਣ ਮਗਰੋਂ ਪੈਲਿਸਟਰ ਪੀਸੀ ਪਾਰਟੀ ਅਤੇ ਮੈਨੀਟੋਬਾ ਦੀ ਸਿਆਸਤ ਤੋਂ ਸੰਨਿਆਸ ਲੈ ਗਏ ਹਨ। ਦੋ ਵਾਰ ਸੂਬੇ ਦੇ ਪ੍ਰੀਮੀਅਰ ਰਹੇ ਪੈਲਿਸਟਰ ਨੇ ਆਖਿਆ ਕਿ ਉਨ੍ਹਾਂ ਨੂੰ ਮਾਣ ਹੈ ਕਿ ਉਨ੍ਹਾਂ ਨੇ ਆਪਣੇ ਕਾਰਜਕਾਲ ਦੌਰਾਨ ਮੈਨੀਟੋਬਾ ਸੂਬੇ ਨੂੰ ਵਿੱਤੀ ਘਾਟੇ ਵਿੱਚੋਂ ਕੱਢਦੇ ਹੋਏ ਮੁੜ ਪੈਰਾਂ ਸਿਰ ਕੀਤਾ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਪੀਸੀ ਪਾਰਟੀ ਆਉਣ ਵਾਲੀਆਂ ਵਿਧਾਨ ਸਭਾ ਇਲੈਕਸ਼ਨ ਵਿੱਚ ਵੀ ਵਧੀਆ ਕਾਰਗੁਜ਼ਾਰੀ ਕਰੇਗੀ।

## ਮੈਨੀਟੋਬਾ ਯੈਲੋਜੋਨ ਤੋਂ ਔਰੇਂਜ ਜੋਨ ਵਿੱਚ ਤਬਦੀਲ ਹੋ ਰਿਹਾ ਹੈ




ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਮੈਨੀਟੋਬਾ ਸੂਬਾ ਇੱਕ ਵਾਰ ਫੇਰ ਪੈਡੈਟਰਿਕ ਰਿਸਪਾਂਸ ਸਿਸਟਮ ਦੇ ਕੋਡ ਅਧੀਨ ਯੈਲੋ ਜ਼ੋਨ ਤੋਂ ਔਰੇਂਜ ਜ਼ੋਨ ਵਿੱਚ ਤਬਦੀਲ ਹੋ ਰਿਹਾ ਹੈ ਜੋ ਕਿ ਰਿਸਟਰਿਕਟਿਡ ਲੈਵਲ ਹੈ। ਪਰ ਫਿਲਹਾਲ ਮੈਨੀਟੋਬਾ ਦੇ ਸਕੂਲਾਂ ਨੂੰ ਯੈਲੋ ਜ਼ੋਨ ਦੇ ਅਧੀਨ ਹੀ ਰੱਖਿਆ ਜਾ ਰਿਹਾ ਹੈ ਅਤੇ ਸਕੂਲ ਬੰਦ ਨਹੀਂ ਹੋਣਗੇ। ਇਹ ਜਾਣਕਾਰੀ ਚੀਫ ਮੈਡੀਕਲ ਆਫੀਸਰ ਡਾ ਬਰੈਂਡ ਅਤੇ ਹੈਲਥ ਮਨਿਸਟਰ ਆਫ਼ ਵਰਲਡ ਰਿਕਾਰਡਜ਼ ਵੱਲੋਂ ਸਾਂਝੀ ਕੀਤੀ ਗਈ। ਇਹ ਨਿਯਮ ਬੀਤੇ ਮੰਗਲਵਾਰ ਅਕਤੂਬਰ ਪੰਜ ਤੋਂ ਲਾਗੂ ਹੋਏ ਹਨ। ਨਵੀਂਆਂ ਪਾਬੰਦੀਆਂ ਅਧੀਨ ਆਊਟਡੋਰ ਕੇਟਰਿੰਗ ਦੀ ਲਿਮਿਟ ਨੂੰ ਘਟਾ ਕੇ ਪੰਜਾਹ ਵਿਅਕਤੀਆਂ ਤੱਕ ਕਰ ਦਿੱਤਾ ਗਿਆ ਹੈ। ਬਾਕੀ ਇਨਡੋਰ ਗੈਦਰਿੰਗ ਅਤੇ ਹਾਊਸਫੈਡ ਲਿਮਿਟ ਸਟੇਸ਼ਨਜ਼ ਜੋ ਲਾਗੂ ਕੀਤੀਆਂ ਗਈਆਂ ਹਨ ਉਹ ਅਨ ਵੈਕਸੀਨੇਟਰ ਲੋਕਾਂ ਨੂੰ ਜ਼ਿਆਦਾ ਪ੍ਰਭਾਵਿਤ ਕਰਨਗੀਆਂ। ਇੱਥੇ ਵਰਨਣਯੋਗ ਹੈ ਕਿ ਮੈਨੀਟੋਬਾ ਵਿਚ ਚਾਰ ਲੱਖ ਦੇ ਕਰੀਬ ਲੋਕ ਹਾਲੇ ਵੀ ਅਨ ਵੈਕਸੀਨੇਟਰ ਹਨ ਜਿਨ੍ਹਾਂ ਕਰਕੇ ਇਹ ਪਾਬੰਦੀਆਂ ਲਗਾਈਆਂ ਜਾ ਰਹੀਆਂ ਹਨ।

# ਮੈਨੀਟੋਬਾ ਯੂਨੀਵਰਸਿਟੀ ਵਿੱਚ ਹੜਤਾਲਾਂ ਦੀਆਂ ਗੂੰਜਾਂ ਪੈਣ ਲੱਗੀਆਂ



ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਜਿੱਥੇ ਕੁੱਝ ਹਫ਼ਤੇ ਪਹਿਲਾਂ ਯੂਨੀਵਰਸਿਟੀ ਆਫ਼ ਮੈਨੀਟੋਬਾ ਵਿਚ ਜਰੂਰੀ ਵੈਕਸੀਨੇਸ਼ਨ ਨੂੰ ਲੈ ਕੇ ਰੌਲਾ ਪਿਆ ਹੋਇਆ ਸੀ ਹੁਣ ਉੱਥੇ ਯੂਨੀਵਰਸਿਟੀ ਆਫ਼ ਮੈਨੀਟੋਬਾ ਦੀ ਫੈਕਲਟੀ ਐਸੋਸੀਏਸ਼ਨ ਵੱਲੋਂ ਸਟ੍ਰਾਈਕ ਕਰਨ ਦਾ ਵਿਚਾਰ ਕੀਤਾ ਜਾ ਰਿਹਾ ਹੈ। ਇਹ ਯੂਨੀਅਨ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਇੰਸਟਰੱਕਟਰ ਅਤੇ ਲਾਇਬਰੇਰੀਅਨ ਦੀ ਪ੍ਰਤੀਨਿਧਤਾ ਕਰਦੀ ਹੈ। ਇਸ ਸਟਰਾਈਕ ਦਾ ਕਾਰਨ ਤਨਖਾਹਾਂ ਨੂੰ ਲੈ ਕੇ ਪਿਆ ਰੌਲਾ ਹੈ। ਫੈਕਲਟੀ ਮੈਂਬਰਾਂ ਦੀ ਮੰਗ ਹੈ ਕਿ ਉਨ੍ਹਾਂ ਦੀਆਂ ਤਨਖਾਹਾਂ ਵਧਾਈਆਂ ਜਾਣ ਜੋ ਕਿ ਦੇਸ਼ ਦੇ ਬਾਕੀ ਸੂਬਿਆਂ ਦੀਆਂ ਯੂਨੀਵਰਸਿਟੀਆਂ ਦੇ ਹਿਸਾਬ ਨਾਲ ਘੱਟ ਹਨ। ਇਸ ਤੋਂ ਇਲਾਵਾ ਯੂਨੀਅਨ ਦੇ ਬੁਲਾਰੇ ਨੇ ਦੱਸਿਆ ਕਿ ਸਟੂਡੈਂਟ ਐਕਸਪੀਰੀਅੰਸ ਰਿਸਰਚ ਐਂਡ ਇਨੋਵੇਸ਼ਨ ਦੇ ਮਾਮਲਿਆਂ ਵਿੱਚ ਯੂਨੀਵਰਸਿਟੀ ਪੱਛੜਦੀ ਜਾ ਰਹੀ ਹੈ। ਜਿਸ ਕਾਰਨ ਵਧੀਆ ਸਟੂਡੈਂਟਸ ਨੂੰ ਅਟਰੈਕਟ ਕਰਨਾ ਮੁਸ਼ਕਲ ਹੋ ਰਿਹਾ ਹੈ। ਫੈਕਲਟੀ ਮੈਂਬਰਾਂ ਅਨੁਸਾਰ ਯੂਨੀਵਰਸਿਟੀ ਕੋਲ ਫੰਡ ਤਾਂ ਮੁਹੱਈਆ ਹਨ ਪਰ ਸਹੀ ਤਰੀਕੇ ਨਾਲ ਵਰਤੇ ਨਹੀਂ ਜਾ ਰਹੇ। ਯੂਨੀਵਰਸਿਟੀ ਆਫ ਮੈਨੀਟੋਬਾ ਵਿੱਚ ਫੁਲ ਟਾਈਮ ਤੇ ਪਾਰਟ ਟਾਈਮ ਸਟੂਡੈਂਟਸ ਨੂੰ ਮਿਲਾ ਕੇ ਇਸ ਸਮੇਂ ਕੁੱਲ 30,000 ਦੇ ਕਰੀਬ ਵਿਦਿਆਰਥੀ ਉੱਚ ਵਿੱਦਿਆ ਹਾਸਲ ਕਰ ਰਹੇ ਹਨ।

## ਲਓ ਜੀ ਏਅਰ ਇੰਡੀਆ ਵੀ 18 ਹਜਾਰ ਕਰੋੜ ਵਿੱਚ ਵਿਕ ਗਈ ਐ




ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਦੀ ਸਰਕਾਰੀ ਏਅਰ ਲਾਇਨ 'ਏਅਰ ਇੰਡੀਆ' 18 ਹਜ਼ਾਰ ਕਰੋੜ ਰੁਪਏ ਵਿੱਚ ਟਾਟਾ ਸੰਜ਼ ਵੱਲੋਂ ਖ਼ਰੀਦ ਲਈ ਗਈ ਹੈ। ਟਾਟਾ ਸੰਜ਼ ਦੀ ਹੁਣ ਏਅਰ ਇੰਡੀਆ ਅਤੇ ਏਅਰ ਇੰਡੀਆ ਐਕਸਪ੍ਰੈਸ ਵਿੱਚ 100% ਹਿੱਸੇਦਾਰੀ ਹੋਵੇਗੀ। ਸਰਕਾਰ ਨੂੰ ਇਸ ਸੌਦੇ ਤੋਂ ਟਾਟਾ ਵੱਲੋਂ 2700 ਕਰੋੜ ਰੁਪਏ ਨਕਦ ਦਿੱਤੇ ਜਾਣਗੇ। ਏਅਰ ਇੰਡੀਆ 68 ਸਾਲ ਪਹਿਲਾਂ ਵੀ ਟਾਟਾ ਦੀ ਮਾਲਕੀ ਵਾਲੀ ਕੰਪਨੀ ਹੁੰਦੀ ਸੀ।

## ਕਿਸਾਨ ਅੰਦੋਲਨ ਹੋਰ ਭਖਿਆ

# ਕਾਲੀਆਂ ਝੰਡੀਆਂ ਦਿਖਾ ਰਹੇ ਸ਼ਾਂਤਮਈ ਕਿਸਾਨ ਮੰਤਰੀ ਦੇ ਪੁੱਤਰ ਦੀ ਜੀਪ ਨੇ ਬੇ-ਰਹਿਮੀ ਨਾਲ ਦਰੜ ਸੁੱਟੇ



ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਭਾਰਤੀ ਸੂਬੇ ਉੱਤਰ ਪ੍ਰਦੇਸ਼ ਵਿੱਚ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਦੇ ਕਾਫ਼ਲੇ ਨੂੰ ਕਾਲੀਆਂ ਝੰਡੀਆਂ ਵਿਖਾਉਣ ਆਏ ਕਿਸਾਨਾਂ ਉੱਤੇ ਗੱਡੀਆਂ ਚਾੜ ਦੇਣ ਕਾਰਣ ਕਈ ਮੌਤਾਂ ਹੋ ਗਈਆਂ ਹਨ। ਇਸ ਤੋਂ ਬਾਦ ਹੋਈ ਹਿੰਸਾ ਵਿੱਚ 4 ਹੋਰ ਵਿਅਕਤੀ ਮਾਰੇ ਗਏ ਦੱਸੇ ਜਾਂਦੇ ਹਨ। ਲਖੀਮਪੁਰ ਖੀਰੀ ਦੇ ਐਡਿਸ਼ਨਲ ਐੱਸਪੀ ਅਰੁਣ ਕੁਮਾਰ ਸਿੰਘ ਨੇ ਮਰਨ ਵਾਲਿਆਂ ਦੀ ਗਿਣਤੀ 8 ਹੋਣ ਦੀ ਪੁਸ਼ਟੀ ਕੀਤੀ ਹੈ। ਦਿੱਲੀ ਤੋਂ ਕਰੀਬ 452 ਕਿਲੋਮੀਟਰ ਅਤੇ ਲਖਨਊ ਤੋਂ 130 ਕਿਲੋਮੀਟਰ ਦੂਰ ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ ਜ਼ਿਲ੍ਹੇ ਦੀ ਟਿਕੂਨੀਆ ਨਾਮੀ ਥਾਂ ਉੱਤੇ ਇਹ ਘਟਨਾ ਵਾਪਰੀ ਦੱਸੀ ਜਾਂਦੀ ਹੈ। ਮੁੱਖ ਮੰਤਰੀ ਯੋਗੀ ਅਦਿਤਿਆਨਾਥ ਨੇ ਇਸ ਘਟਨਾ ਨੂੰ ਮੰਦਭਾਗੀ ਦੱਸਿਆ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇਸ ਘਟਨਾ ਦੇ ਕਾਰਨਾਂ ਦੀ ਡੂੰਘਾਈ ਤੱਕ ਜਾਵੇਗੀ ਅਤੇ ਤੱਤਾਂ ਅਤੇ ਤੱਥਾਂ ਨੂੰ ਸਾਹਮਣੇ ਲਿਆ ਕੇ ਸਖ਼ਤ ਕਾਰਵਾਈ ਕਰੇਗੀ। ਤਣਾਅ ਦੇ ਮੱਦੇਨਜ਼ਰ ਲਖੀਮਪੁਰ ਖ਼ੀਰੀ ਜ਼ਿਲ੍ਹੇ ਵਿਚ ਇੰਟਰਨੈੱਟ ਬੰਦ ਕਰ ਦਿੱਤਾ ਗਿਆ ਹੈ ਅਤੇ ਸਕੂਲ ਕਾਲਜ ਬੰਦ ਕਰ ਦਿੱਤੇ ਗਏ ਹਨ। ਸੰਯੁਕਤ ਕਿਸਾਨ ਮੋਰਚੇ ਨੇ ਸ਼ਾਂਤੀ ਦੀ ਅਪੀਲ ਕਰਦਿਆਂ ਦੇਸ ਭਰ ਦੇ ਜ਼ਿਲ੍ਹਾ ਹੈਡਕੁਆਰਟਰਾਂ ਉੱਤੇ ਰੋਸ ਮੁਜ਼ਾਹਰੇ ਕਰਨ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਕੇਂਦਰੀ ਗ੍ਰਹਿ ਰਾਜ ਮੰਤਰੀ ਵਿਜੇ ਮਿਸ਼ਰਾ ਨੂੰ ਅਹੁਦੇ ਤੋਂ ਤੁਰੰਤ ਫਾਰਗ ਕਰਨ ਦੀ ਮੰਗ ਕੀਤੀ ਹੈ।

ਭਾਰਤੀ ਕਿਸਾਨ ਯੂਨੀਅਨ ਟਿਕੈਤ ਦੇ ਬੁਲਾਰੇ ਅਤੇ ਸੰਯੁਕਤ ਕਿਸਾਨ ਮੋਰਚੇ ਦੇ ਯੂਪੀ ਦੇ ਆਗੂ ਰਾਕੇਸ਼ ਟਿਕੈਤ ਨੇ ਕਿਸਾਨਾਂ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ ਹੈ। ਉਨ੍ਹਾਂ ਟਵੀਟ ਵਿਚ ਕਿਹਾ ਹੈ ਕਿ ਜਿੱਤ ਕਿਸਾਨਾਂ ਦੀ ਹੋਵੇਗੀ ਤੇ ਜੇ ਸਰਕਾਰਾਂ ਹੋਸ਼ ਵਿਚ ਨਾ ਆਈਆਂ ਤਾਂ ਭਾਜਪਾ ਦੇ ਇੱਕ ਵੀ ਆਗੂ ਨੂੰ ਘਰ ਵਿਚੋਂ ਬਾਹਰ ਨਹੀਂ ਨਿਕਲਣ ਦਿੱਤਾ ਜਾਵੇਗਾ। ਸੰਯੁਕਤ ਕਿਸਾਨ ਮੋਰਚੇ ਦੇ ਆਗੂ ਡਾਕਟਰ ਦਰਸ਼ਨਪਾਲ ਅਤੇ ਡਾ. ਯੋਗੇਂਦਰ ਯਾਦਵ ਨੇ ਇਸ ਘਟਨਾ ਨੂੰ ਕਿਸਾਨ ਅੰਦੋਲਨ ਦੀ ਦਿਸ਼ਾ ਭਟਕਾਉਣ ਵਾਲੀ ਸਾਜਿਸ਼ ਕਰਾਰ ਦਿੱਤਾ ਹੈ। ਉਹਨਾਂ ਮੰਗ ਕੀਤੀ ਹੈ ਕਿ ਘਟਨਾ ਦੀ ਜਾਂਚ ਸੁਪਰੀਮ ਕੋਰਟ ਦੇ ਸਿਟਿੰਗ ਜੱਜ ਤੋਂ ਕਰਵਾਈ ਜਾਵੇ। ਉੱਧਰ ਇਕ ਵੀਡੀ? ਵਿੱਚ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਕਿਸਾਨ ਅੰਦੋਲਨ ਨੂੰ ਠੱਪ ਕਰਨ ਵਾਸਤੇ ਹਰੇਕ ਪਿੰਡ ਵਿੱਚ ਲੱਠਮਾਰ ਖੜ੍ਹੇ ਕਰਨ ਅਤੇ ਕਿਸਾਨਾਂ ਨੂੰ ਸਬਕ ਸਿਖਾਉਣ ਲਈ ਕਹਿ ਰਹੇ ਵਿਖਾਈ ਦੇ ਰਹੇ ਹਨ। ਯੂਪੀ ਸਰਕਾਰ ਨੇ ਲਖੀਮਪੁਰੀ ਖੀਰੀ ਹਿੰਸਾ ਵਿੱਚ ਮਾਰੇ ਗਏ 4 ਕਿਸਾਨਾਂ ਦੇ ਪਰਿਵਾਰ ਵਾਲਿਆਂ ਨੂੰ 45-45 ਲੱਖ ਰੁਪਏ ਦੇਣ ਤੇ ਸਰਕਾਰੀ ਨੌਕਰੀ ਦੇਣ ਦਾ ਐਲਾਨ ਕੀਤਾ ਹੈ। ਏਡੀਜੀ ਲਾਅ ਐਂਡ ਔਰਡਰ ਪ੍ਰਸ਼ਾਂਤ ਕੁਮਾਰ ਅਨੁਸਾਰ ਸਰਕਾਰ ਜ਼ਖ਼ਮੀਆਂ ਨੂੰ 10 ਲੱਖ ਰੁਪਏ ਦਾ ਮੁਆਵਜ਼ਾ ਦੇਵੇਗੀ। ਕਿਸਾਨਾਂ ਦੀ ਸ਼ਿਕਾਇਤ ਉੱਤੇ ਐੱਫਆਈਆਰ ਵੀ ਦਰਜ ਕੀਤੀ ਜਾਵੇਗੀ। ਇਸ ਦੇ ਨਾਲ ਹੀ ਮਾਮਲੇ ਦੀ ਜਾਂਚ ਹਾਈ ਕੋਰਟ ਦੇ ਰਿਟਾਇਰਡ ਜੱਜ ਤੋਂ ਕਰਵਾਈ ਜਾਵੇਗੀ। ਭਾਰਤੀ ਨਿਊਜ਼ ਏਜੰਸੀ ਪੀਟੀਆਈ ਅਨੁਸਾਰ ਲਖੀਪੁਰ ਖੀਰੀ ਹਿੰਸਾ ਮਾਮਲੇ ਵਿੱਚ ਉੱਤਰ ਪ੍ਰਦੇਸ਼ ਪੁਲਿਸ ਨੇ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਟੈਨੀ ਦੇ ਪੁੱਤਰ ਆਸ਼ੀਸ਼ ਮਿਸ਼ਰਾ ਤੇ ਕੁੱਝ ਹੋਰ ਲੋਕਾਂ ਖਿਲਾਫ਼ ਐੱਫਆਈਆਰ ਦਰਜ ਕਰ ਲਈ ਹੈ ਤੇ ਇੱਕ ਹੋਰ ਐੱਫਆਈਆਰ ਕਿਸਾਨਾਂ ਦੇ ਖਿਲਾਫ਼ ਵੀ ਦਰਜ ਕੀਤੀ ਗਈ ਹੈ। ਖ਼ਬਰ ਲਿਖਣ ਤੱਕ ਮੰਤਰੀ ਦਾ ਪੁੱਤਰ ਪੁਲਿਸ ਅੱਗੇ ਪੇਸ਼ ਹੋ ਚੁੱਕਾ ਹੈ

## ਪਾਕਿਸਤਾਨ ਵਿੱਚ ਭੁਚਾਲ ਦੇ ਝਟਕਿਆਂ ਕਾਰਣ 20 ਮੌਤਾਂ ਹੋਈਆਂ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ ਦੇ ਬਲੋਚਿਸਤਾਨ ਸੂਬੇ ਵਿੱਚ ਵੀਰਵਾਰ 7 ਅਕਤੂਬਰ ਨੂੰ ਸਵੇਰੇ ਆਏ ਭੂਚਾਲ ਕਾਰਨ ਵਿਆਪਕ ਨੁਕਸਾਨ ਹੋਣ ਦੀ ਖ਼ਬਰ ਹੈ ਤੇ 20 ਵਿਅਕਤੀਆਂ ਦੇ ਮਾਰੇ ਜਾਣ 'ਤੇ ਸੈਂਕੜੇ ਹੋਰਨਾਂ ਦੇ ਜ਼ਖ਼ਮੀ ਹੋਣ ਦੀ ਸੂਚਨਾ ਹੈ। ਰਿਕਟਰ ਪੈਮਾਨੇ 'ਤੇ ਇਸ ਭੁਚਾਲ ਦੀ ਤੀਬਰਤਾ 5.9 ਦਰਜ ਕੀਤੀ ਗਈ ਹੈ। ਪ੍ਰੋਵਿੰਸ਼ੀਅਲ ਡਿਜ਼ੈਜ਼ਸਟਰ ਮੈਨੇਜਮੈਂਟ ਔਥੋਰਿਟੀ - ਪੀ.ਡੀ.ਐਮ.ਏ. ਦਾ ਕਹਿਣਾ ਹੈ ਕਿ ਭੂਚਾਲ ਦਾ ਕੇਂਦਰ ਹਰਨਾਇ ਜ਼ਿਲ੍ਹੇ ਵਿੱਚ 15 ਕਿਲੋਮੀਟਰ ਜ਼ਮੀਨ ਦੇ ਹੇਠਾਂ ਵੱਲ ਸੀ। ਭੂਚਾਲ ਦੇ ਝਟਕੇ ਕੁਏਟਾ, ਸਿੱਬੀ, ਪਿਸ਼ਿਨ, ਮੁਸਲਿਮ ਬਾਗ਼, ਜ਼ਿਆਰਤ, ਕਿਲਾ ਅਬਦੁੱਲਾ, ਸੰਜਾਵੀ, ਜ਼ੋਬ ਅਤੇ ਚਮਨ ਵਿੱਚ ਮਹਿਸੂਸ ਹੋਏ ਦੱਸੇ ਜਾਂਦੇ ਹਨ। ਹਰਨਾਇ ਜ਼ਿਲ੍ਹੇ ਦੇ ਡੀਸੀ ਨੇ ਮਰਨ ਵਾਲਿਆਂ ਦੀ ਗਿਣਤੀ ਦੀ ਪੁਸ਼ਟੀ ਕਰ ਦਿੱਤੀ ਹੈ। ਮਰਨ ਵਾਲਿਆਂ ਵਿੱਚ 6 ਬੱਚੇ ਵੀ ਸ਼ਾਮਿਲ ਦੱਸੇ ਗਏ ਹਨ। ਜ਼ਖ਼ਮੀਆਂ ਨੂੰ ਵੱਖ ਵੱਖ ਹਸਪਤਾਲਾਂ ਵਿੱਚ ਪਹੁੰਚਾਇਆ ਗਿਆ ਹੈ। ਵੱਡੇ ਪੱਧਰ 'ਤੇ ਰਾਹਤ ਅਤੇ ਬਚਾਅ ਕਾਰਜ ਕੀਤੇ ਜਾ ਰਹੇ ਹਨ।

## ਜਿਸ ਦੇ ਵੈਕਸੀਨ ਲੱਗੀ ਐ ਸਿਰਫ ਉਹੀ ਵਿਅਕਤੀ ਹਸਪਤਾਲ ਅੰਦਰ ਜਾ ਸਕਦਾ ਹੋਵੇ!




ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਦੇ ਕੁੱਝ ਲੋਕਾਂ ਵੱਲੋਂ ਮੰਗ ਕੀਤੀ ਜਾ ਰਹੀ ਹੈ ਸੂਬੇ ਦੇ ਸਾਰੇ ਹਸਪਤਾਲਾਂ ਵਿੱਚ ਕੇਵਲ ਉਹਨਾਂ ਲੋਕਾਂ ਨੂੰ ਅੰਦਰ ਜਾਣ ਦੀ ਆਗਿਆ ਹੋਣੀ ਚਾਹੀਦੀ ਹੈ ਜਿਹਨਾਂ ਦੇ ਵੈਕਸਿਨ ਲੱਗ ਚੁੱਕੀ ਹੈ। ਮੌਜੂਦਾ ਸਮੇਂ ਹਸਪਤਾਲਾਂ ਵਿੱਚ ਜਾਣ ਵਾਲੇ ਵਿਅਕਤੀਆਂ ਲਈ ਸਕਰੀਨਿੰਗ ਕੀਤੀ ਜਾ ਰਹੀ ਹੈ ਤੇ ਉਹਨਾਂ ਨੂੰ ਬਿਲਡਿੰਗ ਅੰਦਰ ਮਾਸਕ ਪਾ ਰੱਖਣਾ ਜ਼ਰੂਰੀ ਕੀਤਾ ਗਿਆ ਹੈ। ਐਲਬਰਟਾ ਦੇ ਇੱਕ ਹਸਪਤਾਲ ਦੀ ਇਨਫੈਕਸ਼ਿਅਸ ਡਿਜ਼ੀਜ਼ ਮਾਹਿਰ ਡਾ. ਸਟੈਫ਼ਨੀ ਸਮਿਥ ਦਾ ਕਹਿਣਾ ਹੈ ਕਿ ਹਸਪਤਾਲਾਂ ਵਿੱਚ ਸਟਾਫ਼ ਅਤੇ ਮਰੀਜ਼ਾਂ ਦੀ ਸੁਰੱਖਿਆ ਲਈ ਵਿਸ਼ੇਸ਼ ਨਿਯਮ-ਕਾਨੂੰਨ ਬਣਾਏ ਗਏ ਹਨ ਤੇ ਅਜਿਹਾ ਕਰਨਾ ਜ਼ਰੂਰੀ ਵੀ ਹੈ। ਉਹਨਾਂ ਕਿਹਾ ਕਿ ਪਰਿਵਾਰਾਂ ਨੂੰ ਵੱਖ ਕਰਕੇ ਰੱਖਣਾ ਬਹੁਤ ਮੁਸ਼ਕਿਲ ਫੈਸਲਾ ਹੁੰਦਾ ਹੈ ਪਰ ਇਸ ਵਾਇਰਸ ਦੇ ਖ਼ਤਰੇ ਨੂੰ ਵੇਖਦਿਆਂ ਅਜਿਹਾ ਕਰਨਾ ਪੈ ਰਿਹਾ ਹੈ। ਮਰੀਜ਼ ਲਈ ਆਪਣੇ ਨਜ਼ਦੀਕੀ ਪਰਿਵਾਰਕ ਮੈਂਬਰ ਨੂੰ ਮਿਲਣਾ ਬਹੁਤ ਜ਼ਰੂਰੀ ਹੈ ਪਰ ਜੇ ਉਸ ਦੇ ਵੈਕਸਿਨ ਨਹੀਂ ਲੱਗੀ ਤਾਂ ਹਸਪਤਾਲ ਸਟਾਫ਼ ਵਾਸਤੇ ਵੱਡੀ ਚੁਣੌਤੀ ਬਣ ਜਾਂਦਾ ਹੈ।

## 25 ਵੋਟਾਂ ਵਾਲੀ ਐਨ ਡੀ ਪੀ ਹਾਲੇ ਤਰਜੀਹਾਂ ਦਾ ਰੁੱਖ ਦੇਖ ਰਹੀ ਹੈ




ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਫੈਡਰਲ ਐਨਡੀਪੀ ਲੀਡਰ ਜਗਮੀਤ ਸਿੰਘ ਨੇ ਕਿਹਾ ਹੈ ਕਿ ਪਾਰਲੀਮੈਂਟ ਵਿੱਚ ਉਹ ਆਪਣੀਆਂ ਵੋਟਾਂ ਰੋਕ ਕੇ ਰੱਖਣਗੇ ਤੇ ਦੇਖਣਗੇ ਕਿ ਘੱਟ ਗਿਣਤੀ ਲਿਬਰਲ ਸਰਕਾਰ ਸਹਿਯੋਗ ਨਾਲ ਚੱਲਦੀ ਹੈ ਜਾਂ ਨਹੀਂ। ਉਹਨਾਂ ਕਿਹਾ ਕਿ ਸਰਕਾਰ ਨੂੰ ਤਰਜੀਹਾਂ ਦੇ ਦਿੱਤੀਆਂ ਗਈਆਂ ਹਨ ਤੇ ਹੁਣ ਸਰਕਾਰ ਦਾ ਫ਼ਰਜ਼ ਹੈ ਕਿ ਉਹਨਾਂ ਨੂੰ ਪੂਰਾ ਕਰੇ। ਐਨਡੀਪੀ ਕੋਲ ਸੰਸਦ ਵਿੱਚ 25 ਵੋਟਾਂ ਹਨ।

MORTGAGE ARCHITECTS
AMRIT SINGH KANG
Mortgage Expert
Call Me For All Your Mortgage Needs
ਮੰਨ ਗਏ ਤੁਹਾਡੀ ਘਰ ਦੀ ਪਸੰਦ ਨੂੰ ਹੁਣ ਮਾਰਗੇਜ ਲਈ ਕਾਲ ਕਰੋ ਕੰਗ ਨੂੰ
204-218-3852
Just4kang@gmail.com

## ਫ਼ਸਟ ਨੇਸ਼ਨ ਭਾਈਚਾਰੇ ਦੀ ਮੁਖੀ ਟਰੂਡੋ ਵੱਲੋਂ ਮੁਆਫੀ ਮੰਗਣ ਦੇ ਬਾਵਜੂਦ ਵੀ ਗੁੱਸੇ ਵਿੱਚ ਹਨ।

ਕੈਮਲੂਪਸ (ਪੰਜਾਬੀ ਅਖ਼ਬਾਰ ਬਿਊਰੋ) ਕੈਮਲੂਪਸ ਸ਼ੁਸਵੈਪ ਫ਼ਸਟ ਨੇਸ਼ਨ ਦੀ ਮੁਖੀ ਰੋਜ਼ੈਨ ਕੈਸਿਮਿਰ ਦਾ ਕਹਿਣਾ ਹੈ ਕਿ ਉਹਨਾਂ ਨੇ ਪ੍ਰਾਇਮ ਮਨਿਸਟਰ ਜਸਟਿਨ ਟਰੂਡੋ ਨੂੰ 30 ਸਤੰਬਰ ਦੇ ਸ਼ਰਧਾਂਜਲੀ ਪ੍ਰੋਗਰੈਮ ਵਾਸਤੇ ਦੋ ਵਾਰ ਸੱਦਾ ਦਿਤਾ ਸੀ ਪਰ ਉਹਨਾਂ ਨੇ ਇਸ ਨੂੰ ਅਣਡਿੱਠ ਕਰ ਦਿੱਤਾ ਸੀ। ਉਹਨਾਂ ਵੱਲੋਂ ਹੁਣ ਮੰਗੀ ਗਈ ਮਾਫੀ ਉਹਨਾਂ ਦੇ ਭਾਈਚਾਰੇ ਲਈ ਕੋਈ ਅਹਿਮੀਅਤ ਨਹੀਂ ਰੱਖਦੀ ਹੈ ਤੇ ਨਾ ਹੀ ਇਸ ਵਿੱਚ ਉਹਨਾਂ ਨੂੰ ਕੋਈ ਦਿਲਚਸਪੀ ਹੈ। ਭਾਈਚਾਰੇ ਨੇ ਮੰਗ ਕੀਤੀ ਹੈ ਕਿ ਲੋਕਾਂ ਦੇ ਜ਼ਖ਼ਮ ਠੀਕ ਵਾਸਤੇ ਠੋਸ ਕੰਮ ਕੀਤੇ ਜਾਣ ਦੀ ਲੋੜ ਹੈ।

